BRAMPTON **Service and Information Update**

# ਸਿਟੀ ਆਫ ਬ੍ਰੈਂਪਟਨ ਦੇ ਰੇਕ੍ਰੀਏਸ਼ਨ ਸੈਂਟਰਾਂ ਲਈ ਵੈਕਸੀਨੇਸ਼ਨ ਦੇ ਸਬੂਤ ਬਾਰੇ ਅੱਪਡੇਟ

ਬ੍ਰੈਂਪਟਨ, ਓਨਟੈਰੀਓ (19 ਅਕਤੂਬਰ, 2021) – ਪੀਲ ਪਬਲਿਕ ਹੈਲਥ (Peel Public Health) ਦੇ ਨਿਰਦੇਸ਼ਾਂ ਦੇ ਮੁਤਾਬਕ, 1 ਨਵੰਬਰ ਤੋਂ ਸਿਟੀ ਆਫ ਬ੍ਰੈਂਪਟਨ ਦੇ ਰੇਕ੍ਰੀਏਸ਼ਨ ਸੈਂਟਰਾਂ ਵਿੱਚ ਦਾਖ਼ਲ ਹੋਣ ਵਾਲੇ, 12 ਸਾਲ ਅਤੇ ਇਸਤੋਂ ਵੱਧ ਉਮਰ ਦੇ ਸਾਰੇ ਆਉਣ ਵਾਲਿਆਂ (ਵਿਜ਼ੀਟਰਸ) ਲਈ ਵੈਕਸੀਨੇਸ਼ਨ ਦਾ ਸਬੂਤ ਜ਼ਰੂਰੀ ਹੋਵੇਗਾ।

ਇਹ ਯੂਥ, ਕੋਚਾਂ, ਇੰਸਟ੍ਰਕਟਰਾਂ, ਦੇਖਭਾਲਕਰਤਾਵਾਂ, ਵਾਲੰਟੀਅਰਾਂ ਅਤੇ ਗੇਮ ਔਫਿਸ਼ਿਅਲਾਂ ਸਮੇਤ, ਰੇਕ੍ਰੀਏਸ਼ਨ ਸੈਂਟਰਾਂ ਵਿੱਚ ਸਾਰੇ ਹਿੱਸਾ ਲੈਣ ਵਾਲਿਆਂ ਅਤੇ ਦਰਸ਼ਕਾਂ ਤੇ ਲਾਗੂ ਹੋਵੇਗਾ। ਇਹ ਅੱਪਡੇਟ ਹੋਰਾਂ ਮਿਊਨਿਸਿਪਲਟੀਜ਼ ਦੇ ਮੁਤਾਬਕ ਹੈ। ਇਹ ਪੀਲ ਦੀ ਕਿਰਿਆਸ਼ੀਲ ਯੂਥ ਸਪੋਰਟਸ ਕਮਿਉਨਿਟੀ ਦੀ ਸੁਰੱਖਿਆ ਕਰਨ ਵਿੱਚ ਮਦਦ ਕਰੇਗਾ।

**ਵੈਕਸੀਨੇਸ਼ਨ ਦੇ ਸਬੂਤ ਦੀਆਂ ਸਵੀਕ੍ਰਿਤ ਵਿਧੀਆਂ**

ਬ੍ਰੈਂਪਟਨ ਰੇਕ੍ਰੀਏਸ਼ਨ (Brampton Recreation), ਨਿੱਜੀ ਪਛਾਣ ਦੇ ਇੱਕ ਵਾਧੂ ਦਸਤਾਵੇਜ਼ ਦੇ ਨਾਲ-ਨਾਲ, ਵੈਕਸੀਨੇਸ਼ਨ ਦੇ ਸਬੂਤ ਦੀਆਂ ਹੇਠਾਂ ਲਿਖੀਆਂ ਵਿਧੀਆਂ ਸਵੀਕਾਰ ਕਰੇਗਾ:

1. **ਇਮਿਊਨਾਈਜ਼ੇਸ਼ਨ ਵੈਕਸੀਨ ਰਸੀਦ ਦਾ ਸਬੂਤ:** ਇਸਨੂੰ ਪ੍ਰੋਵਿੰਸ਼ੀਅਲ ਬੁਕਿੰਗ ਪੋਰਟਲ (provincial booking portal) ਤੋਂ, ਜਾਂ ਪ੍ਰੋਵਿੰਸ਼ੀਅਲ ਵੈਕਸੀਨ ਬੁਕਿੰਗ ਲਾਈਨ (Provincial Vaccine Booking Line) ਨੂੰ 1-833-943-3900 ਤੇ ਫੋਨ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

2. **ਔਫਿਸ਼ਿਅਲ QR ਕੋਡ ਵਾਲਾ ਓਨਟੈਰੀਓ ਦਾ ਵਿਸਤ੍ਰਿਤ ਡਿਜੀਟਲ ਵੈਕਸੀਨ ਰਸੀਦ ਸਰਟੀਫਿਕੇਟ:** ਇਸਨੂੰ ਪ੍ਰੋਵਿੰਸ਼ੀਅਲ ਬੁਕਿੰਗ ਪੋਰਟਲ (provincial booking portal) ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਇੱਥੇ ਪ੍ਰਾਪਤ (found here) ਕੀਤੀ ਜਾ ਸਕਦੀ ਹੈ।

ਕਿਰਪਾ ਕਰਕੇ ਧਿਆਨ ਦਿਓ ਕਿ ਇਹ ਯਕੀਨੀ ਬਣਾਉਣ ਲਈ ਕਿ ਸਕ੍ਰੀਨਿੰਗ ਪ੍ਰਕਿਰਿਆ ਜਲਦੀ ਅੱਗੇ ਵਧੇ, ਸਟਾਫ਼ ਲਗਾਤਾਰ ਸੰਚਾਲਨ ਸ਼ਰਤਾਂ ਦੀ ਸਮੀਖਿਆ ਕਰੇਗਾ। ਅਸੀਂ ਬੇਨਤੀ ਕਰਦੇ ਹਾਂ ਕਿ ਤੁਸੀਂ ਆਪਣੀ ਗਤੀਵਿਧੀ ਤੋਂ ਪਹਿਲਾਂ ਪਹੁੰਚਣ ਦੀ ਯੋਜਨਾ ਬਣਾਓ, ਇਹ ਯਕੀਨੀ ਬਣਾਓ ਕਿ ਜ਼ਰੂਰੀ ਜਾਂਚਾਂ ਪੂਰੀਆਂ ਕਰਨ ਲਈ ਤੁਹਾਡੇ ਕੋਲ ਪੂਰਾ ਸਮਾਂ ਹੈ। ਇਸ ਟ੍ਰਾਂਜਿਸ਼ਨ ਦੇ ਦੌਰਾਨ ਅਸੀਂ ਤੁਹਾਡੇ ਧੀਰਜ ਦੀ ਸ਼ਲਾਘਾ ਕਰਦੇ ਹਾਂ।

**ਛੋਟਾਂ**

ਜੋ ਵਿਅਕਤੀ ਮੈਡੀਕਲ ਛੋਟਾਂ ਕਰਕੇ ਵੈਕਸੀਨ ਨਹੀਂ ਲਗਵਾ ਸਕਦੇ, ਉਹਨਾਂ ਨੂੰ ਡਾਕਟਰ ਦੇ ਨੋਟ ਨਾਲ ਪ੍ਰਵੇਸ਼ ਦੀ ਇਜਾਜ਼ਤ ਦਿੱਤੀ ਜਾਵੇਗੀ, ਜਿਸ ਵਿੱਚ ਸਾਫ਼-ਸਾਫ਼ ਲਿਖਿਆ ਹੋਵੇ ਕਿ ਕੋਵਿਡ-19 (COVID-19) ਵੈਕਸੀਨੇਸ਼ਨ ਤੋਂ ਛੋਟ ਮਿਲੀ ਹੋਈ ਹੈ।

ਕਿਰਪਾ ਕਰਕੇ ਧਿਆਨ ਦਿਓ ਕਿ ਨੈਗੇਟਿਵ ਕੋਵਿਡ-19 ਟੈਸਟ ਦੇ ਸਬੂਤ ਨੂੰ, ਪੂਰੀ ਤਰ੍ਹਾਂ ਵੈਕਸੀਨ ਲੱਗੀ ਹੋਣ ਦੇ ਸਬੂਤ ਲਈ ਵਿਕਲਪ ਵਜੋਂ ਸਵੀਕਾਰ ਨਹੀਂ ਕੀਤਾ ਜਾਵੇਗਾ।

**ਵੈਕਸੀਨ ਲਗਵਾਓ**

ਖੁਦ ਦੀ ਅਤੇ ਸਾਡੀ ਕਮਿਉਨਿਟੀ ਦੀ ਸੁਰੱਖਿਆ ਕਰੋ। ਮੁਲਾਕਾਤ ਬੁੱਕ ਕਰਵਾਉਣ ਸਮੇਤ, ਵੈਕਸੀਨ ਲਗਵਾਉਣ ਬਾਰੇ ਹੋਰ ਜਾਣਕਾਰੀ ਲਈ, ਇੱਥੇ (here) ਰੀਜਨ ਆਫ ਪੀਲ (Region of Peel) ਦੀ ਵੈਕਸੀਨ ਸਾਈਟ ਤੇ ਜਾਓ।

ਆਮ ਪੁੱਛਗਿੱਛ ਲਈ, ਕਿਰਪਾ ਕਰਕੇ recreation@brampton.ca ਤੇ ਈਮੇਲ ਕਰੋ ਜਾਂ ਸਿਟੀ ਆਫ ਬ੍ਰੈਂਪਟਨ ਦੇ ਅੰਦਰ 311 ਤੇ (ਜਾਂ ਬਾਹਰੋਂ 905.874.2000 ਤੇ) ਫੋਨ ਕਰੋ।

ਕੋਵਿਡ-19 ਨੂੰ ਰੋਕਣ ਦੇ ਸਿਟੀ ਦੇ ਉਪਾਵਾਂ ਬਾਰੇ ਤਾਜ਼ਾ ਜਾਣਕਾਰੀ ਲਈ, ਇੱਥੇ (here) ਕਲਿੱਕ ਕਰੋ।

-30-

**ਮੀਡੀਆ ਸੰਪਰਕ**
ਪ੍ਰਭਜੋਤ ਕੈਂਥ (Prabhjot Kainth)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Prabhjot.Kainth@brampton.ca